ਬਾਗਬਾਨੀ ਵਿਭਾਗ ਪੰਜਾਬ ਦਾ
ਮਾਸਿਕ ਡਿਜ਼ੀਟਲ ਬੁਲੇਟਿਨ

# ਬਾਗਬਾਨੀ ਸੰਦੇਸ਼

**ਮਹੀਨਾ :** ਦਸੰਬਰ 2025 **ਅੰਕ :** 35

**ਸੰਪਾਦਕ : ਜਸਪਾਲ ਸਿੰਘ ਢਿਲੋਂ, ਸਹਾਇਕ ਡਾਇਰੈਕਟਰ ਬਾਗਬਾਨੀ,**
**ਸਹਿ ਸੰਪਾਦਕ : ਨਵਜੋਤ ਕੌਰ ਬਾਗਬਾਨੀ ਵਿਕਾਸ ਅਫ਼ਸਰ**




## ਪ੍ਰੇਰਨਾ

ਬਾਗਬਾਨੀ ਵਿਭਾਗ ਪੰਜਾਬ ਕਿਸਾਨਾਂ ਦੀ ਖੇਤੀ ਵਿੱਚ ਵਿਭਿੰਨਤਾ ਲਿਆ ਕੇ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਲਗਾਤਾਰ ਯਤਨਸ਼ੀਲ ਹੈ।ਇਸ ਸਾਲ ਕਿਸਾਨ ਫਲਾਂ ਦੇ ਬਾਗ ਲਾ ਕੇ ਮੁਨਾਫਾ ਕਮਾ ਸਕਦੇ ਹਨ। ਬਾਗ ਜਿੱਥੇ ਤਾਜਾ ਫਲ ਮੁਹੱਈਆ ਕਰਾਉਂਦੇ ਹਨ ਉਥੇ ਹੀ ਵਾਤਾਵਰਨ ਨੂੰ ਸਾਫ ਸੁਥਰਾ ਰੱਖ ਕੇ ਕਿਸਾਨਾਂ ਨੂੰ ਆਰਥਿਕ ਪੱਖੋਂ ਮਜਬੂਤ ਬਣਾਉਣ ਵਿੱਚ ਵੀ ਸਹਾਈ ਹੁੰਦੇ ਹਨ। ਇਹ ਸਮਾਂ ਕਿਸਾਨਾਂ ਲਈ ਪਤਝੜ ਰੁੱਤ ਦੇ ਫਲਦਾਰ ਬੂਟਿਆਂ ਜਿਵੇਂ ਨਾਸ਼ਪਾਤੀ, ਆੜੂ, ਅਲੂਚਾ, ਅੰਗੂਰ, ਅੰਜੀਰ ਦੇ ਬਾਗ ਲਗਾਉਣ ਲਈ ਬਹੁਤ ਹੀ ਢੁਕਵਾਂ ਹੈ।ਕਿਸਾਨਾਂ ਨੂੰ ਚਾਹੀਦਾ ਹੈ ਕਿ ਆਪਣੇ ਸਰਕਲ ਦੇ ਬਾਗਬਾਨੀ ਵਿਕਾਸ ਅਫਸਰ ਨਾਲ ਸੰਪਰਕ ਕਰਕੇ ਉਸ ਦੀ ਸਲਾਹ ਨਾਲ ਬਾਗ ਦੀ ਕਿਸਮ ਦੀ ਚੋਣ ਕਰਨ ਅਤੇ ਬੂਟਿਆਂ ਦੀ ਕਿਸਮ ਮੁਤਾਬਕ ਖੇਤ ਦੀ ਲੇ-ਆਊਟ ਕਰਵਾ ਕੇ ਫਾਸਲੇ ਮੁਤਾਬਕ 3 ਫੁੱਟ ਡੂੰਘੇ ਟੋਏ ਪੁੱਟ ਕੇ ਉਸ ਦੀ ਉਪਰਲੀ ਮਿੱਟੀ ਤੇ ਰੂੜੀ ਦੀ ਬਰਾਬਰ ਮਾਤਰਾ ਪਾ ਕੇ ਟੋਏ ਭਰ ਕੇ ਪਾਣੀ ਲਾ ਦੇਣ ਅਤੇ ਬਾਗਬਾਨੀ ਵਿਭਾਗ, ਪੀ.ਏ.ਯੂ. ਜਾ ਪ੍ਰਾਈਵੇਟ ਰਜਿਸਟਰਡ ਨਰਸਰੀਆਂ ਦੇ ਬੂਟੇ ਲਿਆ ਕੇ ਲਾ ਦੇਣ।ਬਾਗ ਲਗਾਉਣ ਲਈ ਬਾਗਬਾਨੀ ਵਿਭਾਗ ਕੌਮੀ ਬਾਗਬਾਨੀ ਮਿਸ਼ਨ ਤਹਿਤ ਬਾਗ ਦੀ ਕਿਸਮ, ਲਗਾਉਣ ਦੇ ਢੰਗ ਅਤੇ ਫਾਸਲੇ ਮੁਤਾਬਕ 40% ਸਬਸਿਡੀ 2 ਸਾਲ ਤੱਕ 60:40 ਦੇ ਅਨੁਪਾਤ ਦੀਆਂ 2 ਕਿਸ਼ਤਾਂ ਵਿੱਚ ਦਿੰਦਾ ਹੈ।

ਸੋ ਆਓ, ਹੁਣ ਤੋਂ ਹੀ ਪਤਝੜੀ ਬਾਗ ਲਗਾਉਣ ਦੀ ਵਿਉਤਬੰਦੀ ਕਰੀਏ ਅਤੇ ਸਬਸਿਡੀ ਦਾ ਲਾਭ ਲੈਣ ਲਈ ਬਾਗਬਾਨੀ ਵਿਭਾਗ ਨਾਲ ਸੰਪਰਕ ਕਰਕੇ ਨਵੇਂ ਬਾਗ ਅਤੇ ਹੋਰ ਸਕੀਮਾਂ ਦੀ ਸਬਸਿਡੀ ਪ੍ਰਾਪਤ ਕਰੀਏ।

**ਸ਼ੈਲਿੰਦਰ ਕੌਰ**
**ਆਈ.ਐਫ.ਐਸ.**
**ਡਾਇਰੈਕਟਰ ਬਾਗਬਾਨੀ, ਪੰਜਾਬ**



ਮਿਤੀ 13 ਨਵੰਬਰ 2025 ਨੂੰ ਮਾਨਯੋਗ ਬਾਗਬਾਨੀ ਮੰਤਰੀ ਪੰਜਾਬ ਸ਼੍ਰੀ ਮੋਹਿੰਦਰ ਭਗਤ ਜੀ ਵੱਲੋਂ ਚੰਡੀਗੜ੍ਹ ਵਿਖੇ ਵਿਭਾਗੀ ਸਕੀਮਾਂ ਦੀ ਪ੍ਰਗਤੀ ਵਾਚਣ ਲਈ ਵਿਭਾਗ ਦੇ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ।ਉਹਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਬਾਗਬਾਨੀ ਖੇਤਰ ਨੂੰ ਨਵੀਂ ਰਫਤਾਰ ਦੇਣ ਲਈ ਮਜ਼ਬੂਤ ਕਦਮ ਚੁੱਕ ਰਹੀ ਹੈ।“ਆਪਣਾ ਪਿੰਡ ਆਪਣਾ ਬਾਗ” ਯੋਜਨਾ ਤਹਿਤ ਪੰਚਾਇਤੀ ਜ਼ਮੀਨਾਂ ਤੇ ਫਲਦਾਰ ਬੂਟੇ ਲਗਾਏ ਜਾਣਗੇ ਅਤੇ ਇਸ ਤੋਂ ਹੋਣ ਵਾਲੀ ਆਮਦਨ ਪਿੰਡਾਂ ਦੇ ਵਿਕਾਸ ਲਈ ਵਰਤੀ ਜਾਵੇਗੀ।ਇਸ ਤੋਂ ਇਲਾਵਾ ਜਿਮੀਦਾਰਾਂ ਦੀ ਆਮਦਨ ਵਧਾਉਣ ਲਈ ਪੋਲੀਹਾਊਸ ਅਤੇ ਹੋਰ ਅਧੁਨਿਕ ਤਰੀਕਿਆਂ ਤੇ ਜੋਰ ਦਿੱਤਾ ਜਾ ਰਿਹਾ ਹੈ।ਇਸ ਮੌਕੇ ਮੈਡਮ ਬਬੀਤਾ ਕਲੇਰ ਖੇਤੀਬਾੜੀ ਕਮਿਸ਼ਨਰ, ਡਾਇਰੈਕਟਰ ਬਾਗਬਾਨੀ ਪੰਜਾਬ ਮੈਡਮ ਸ਼ੈਲਿੰਦਰ ਕੌਰ ਆਈ.ਐਫ.ਐਸ. ਅਤੇ ਵਿਭਾਗ ਦੇ ਅਧਿਕਾਰੀ ਮੌਜੂਦ ਸਨ।



ਮਿਤੀ 7 ਨਵੰਬਰ 2025 ਨੂੰ ਡਾਇਰੈਕਟਰ ਬਾਗਬਾਨੀ ਸ਼੍ਰੀਮਤੀ ਸ਼ੈਲਿੰਦਰ ਕੌਰ ਆਈ.ਐਫ.ਐਸ. ਨੇ ਐਮ.ਡੀ. ਪਨਸੀਡ ਪੰਜਾਬ ਦਾ ਵਾਧੂ ਚਾਰਜ ਸੰਭਾਲਿਆ।

# ਬਾਗਬਾਨੀ ਸਰਗਰਮੀਆਂ

**ਬਾਗਬਾਨੀ ਵਿਭਾਗ ਵਿੱਚ 2 ਨਵੇਂ ਸੰਯੁਕਤ ਡਾਇਰੈਕਟਰ ਬਾਗਬਾਨੀ ਨੂੰ ਤਰੱਕੀ ਉਪਰੰਤ ਤੈਨਾਤੀ ਤੇ ਹਾਰਦਿਕ ਮੁਬਾਰਕਾਂ।**



ਸ੍ਰੀ ਹਰਮੇਲ ਸਿੰਘ



ਸ੍ਰੀ ਗੁਰਸ਼ਰਨ ਸਿੰਘ





# ਬਾਗਬਾਨੀ ਸਰਗਰਮੀਆਂ



ਮਿਤੀ 10 ਨਵੰਬਰ 2025 ਨੂੰ ਜਿਲਾਂ- ਅੰਮ੍ਰਿਤਸਰ ਦੇ ਬਲਾਕ- ਰਾਮਦਾਸ ਅਤੇ ਅਜਨਾਲਾ ਵਿੱਚ **PDNA** ਟੀਮ ਵੱਲੋ ਬਾਗਬਾਨੀ ਵਿਭਾਗ ਨਾਲ ਮਿਲ ਕੇ ਹੜ੍ਹ ਪੀੜਿਤ ਇਲਾਕਿਆ ਦਾ ਦੌਰਾ ਕੀਤਾ ਗਿਆ।



ਮਿਤੀ 14 ਨਵੰਬਰ 2025 ਨੂੰ ਸਿਟਰਸ ਅਸਟੇਟ ਭੂੰਗਾ, ਹੁਸ਼ਿਆਰਪੁਰ ਵਿਖੇ ਹੋਈ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਮਾਨਯੋਗ ਸ਼੍ਰੀਮਤੀ ਇਸ਼ਿਕਾ ਜੈਨ ਵੱਲੋ ਮੀਟਿੰਗ ਵਿੱਚ ਮੁੱਖ ਮਹਿਮਾਨ ਵੱਜੋ ਭਾਗ ਲਿਆ ਗਿਆ ਅਤੇ ਸਿਟਰਸ ਅਸਟੇਟ ਭੂੰਗਾ ਦਾ ਦੌਰਾ ਕੀਤਾ ਗਿਆ।




ਮਿਤੀ 17 ਨਵੰਬਰ 2025 ਨੂੰ ਸ੍ਰੀ ਜਸਪਾਲ ਸਿੰਘ ਢਿੱਲੋਂ ਸਹਾਇਕ ਡਾਇਰੈਕਟਰ ਬਾਗਬਾਨੀ, ਸ੍ਰੀ ਬਿਕਰਮਜੀਤ ਸਿੰਘ ਬਾਗਬਾਨੀ ਵਿਕਾਸ ਅਫਸਰ ਝਬਾਲ ਅਤੇ ਸ੍ਰੀ ਅਮਨਦੀਪ ਸਿੰਘ ਉਪਮੰਡਲ ਭੂਮੀ ਰੱਖਿਆ ਅਫਸਰ ਵਲੋਂ ਪਿੰਡ ਜੋਧ ਸਿੰਘ ਵਾਲਾ ਬਲਾਕ ਵਲਟੋਹਾ ਦੇ ਸ੍ਰੀ ਸਰਬਜੀਤ ਸਿੰਘ ਦੇ ਨਵੇਂ ਬਣੇ ਸ਼ੇਡਨੈੱਟ ਹਾਊਸ ਦਾ ਨਿਰੀਖਣ ਕੀਤਾ ਗਿਆ।




ਮਿਤੀ 17.11.2025 ਨੂੰ ਸ੍ਰੀ ਜਸਪਾਲ ਸਿੰਘ ਢਿੱਲੋਂ ਸਹਾਇਕ ਡਾਇਰੈਕਟਰ ਬਾਗਬਾਨੀ, ਸ੍ਰੀ ਬਿਕਰਮਜੀਤ ਸਿੰਘ ਬਾਗਬਾਨੀ ਵਿਕਾਸ ਅਫਸਰ ਝਬਾਲ ਅਤੇ ਸ੍ਰੀ ਅਮਨਦੀਪ ਸਿੰਘ ਉਪਮੰਡਲ ਭੂਮੀ ਰੱਖਿਆ ਅਫਸਰ ਵਲੋਂ ਪਿੰਡ ਜੋਧ ਸਿੰਘ ਵਾਲਾ ਬਲਾਕ ਵਲਟੋਹਾ ਦੇ ਸ੍ਰੀ ਜਸਵਿੰਦਰ ਸਿੰਘ ਦੇ ਨਵੇਂ ਬਣੇ ਸ਼ੇਡਨੈੱਟ ਹਾਊਸ ਦਾ ਨਿਰੀਖਣ ਕੀਤਾ ਗਿਆ।



ਮਿਤੀ 18 ਨਵੰਬਰ 2025 ਨੂੰ ਬਾਗਬਾਨੀ ਵਿਭਾਗ ਫਰੀਦਕੋਟ ਦੀ ਟੀਮ ਵੱਲੋ ਮਾਨਯੋਗ ਐਮ.ਐਲ. ਏ ਸ਼੍ਰੀ.ਗੁਰਦਿੱਤ ਸਿੰਘ ਸੇਖੋ ਜੀ ਨਾਲ ਮੀਟਿੰਗ ਕੀਤੀ ਗਈ ਅਤੇ MIDH ਅਤੇ ਸਟੇਟ ਪਲਾਨ ਸਕੀਮ ਨਾਲ ਸਬੰਧਿਤ ਬਾਗਬਾਨੀ ਸਕੀਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।



ਮਿਤੀ 18 ਨਵੰਬਰ 2025 ਨੂੰ ਸਰਕਾਰੀ ਫਲ ਸੁਰੱਖਿਆ ਲੈਬ, ਪਟਿਆਲਾ ਵਿਖੇ ਕੇ.ਵੀ.ਕੇ ਪਟਿਆਲਾ ਦੇ ਅਧਿਕਾਰੀਆਂ ਅਤੇ ਟ੍ਰੇਨਿੰਗ ਲੈਣ ਆਈਆਂ ਕਿਸਾਨ ਬੀਬੀਆਂ ਵੱਲੋ ਦੌਰਾ ਕੀਤਾ ਗਿਆ।



ਮਿਤੀ 24 ਨਵੰਬਰ 2025 ਨੂੰ ਸ੍ਰੀ ਬਿਕਰਮਜੀਤ ਸਿੰਘ ਬਾਗਬਾਨੀ ਵਿਕਾਸ ਅਫਸਰ ਝਬਾਲ ਵੱਲੋਂ ਪਿੰਡ ਮਾੜੀ ਮੇਘਾ ਦੇ ਸਰਪੰਚ ਸਰਦਾਰ ਗੁਰਸੇਵਕ ਸਿੰਘ ਅਤੇ ਅਗਾਹ ਵਧੂ ਕਿਸਾਨ ਕਿਰਨਜੀਤ ਸਿੰਘ ਮਿੱਠਾ ਦੇ ਬਾਗਾਂ ਦਾ ਨਿਰੀਖਣ ਕਰਕੇ ਖਾਦਾਂ ਅਤੇ ਕਟਾਈ ਤੋਂ ਜਾਣੂ ਕਰਵਾਇਆ ।

# ਬਾਗਬਾਨੀ ਸਰਗਰਮੀਆਂ



ਮਿਤੀ 26 ਤੋ 28 ਨਵੰਬਰ 2025 ਤੱਕ ਸੈਂਟਰ ਆਫ ਐਕਸੀਲੈਂਸ ਫਾਰ ਵੈਜੀਟੇਬਲ, ਕਰਤਾਰਪੁਰ ਵਿਖੇ 3 ਦਿਨਾਂ ਸੁਰੱਖਿਅਤ ਖੇਤੀ ਸਬੰਧੀ ਟ੍ਰੇਨਿੰਗ ਵਿੱਚ ਵੱਖ- ਵੱਖ ਜਿਲ੍ਹਿਆਂ ਵਿੱਚੋ 44 ਕਿਸਾਨਾਂ ਵੱਲੋ ਭਾਗ ਲਿਆ ਗਿਆ।



ਮਿਤੀ 28 ਨਵੰਬਰ 2025 ਨੂੰ ਬਾਗਬਾਨੀ ਵਿਭਾਗ ਅੰਮ੍ਰਿਤਸਰ ਦੇ ਅਧਿਕਾਰੀਆਂ ਵੱਲੋਂ ਸ. ਕੁਲਦੀਪ ਸਿੰਘ ਧਾਰੀਵਾਲ ਐਮ ਐਲ ਏ ਅਜਨਾਲਾ ਨਾਲ ਵਿਭਾਗ ਦੀਆਂ ਸਕੀਮਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।



ਮਿਤੀ 27 ਨਵੰਬਰ 2025 ਨੂੰ ਸ.ਸ.ਸ.ਸ. ਸਨੌਰ ਦੇ ਵਿਦਿਆਰਥੀਆਂ ਵੱਲੋਂ ਬਾਗਬਾਨੀ ਵਿਭਾਗ ਪਟਿਆਲ਼ਾ ਦੀ ਫ਼ਲ ਸੁਰੱਖਿਆ ਲੈਬ ਅਤੇ ਖੁੰਬ ਪੈਦਾਵਾਰ ਲੈਬ ਦਾ ਦੌਰਾ ਕੀਤਾ ਗਿਆ।



ਮਿਤੀ 28 ਨਵੰਬਰ 2025 ਨੂੰ ਸ਼੍ਰੀ ਜਸਪਾਲ ਸਿੰਘ ਸਹਾਇਕ ਡਾਇਰੈਕਟਰ ਬਾਗਬਾਨੀ ਭੂੰਗਾ ਵੱਲੋਂ ਸ. ਜਸਬੀਰ ਸਿੰਘ ਰਾਜਗਿੱਲ ਐਮ. ਐਲ. ਏ. ਉੜਮੁੜ ਨਾਲ ਮੀਟਿੰਗ ਕੀਤੀ ਤੇ ਵਿਭਾਗ ਦੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਗਈ।



ਮਿਤੀ 28 ਨਵੰਬਰ 2025 ਨੂੰ ਬਾਗਬਾਨੀ ਵਿਭਾਗ ਪਟਿਆਲਾ ਵੱਲੋ ਖੇਤੀਬਾੜੀ ਵਿਭਾਗ ਵੱਲੋ ਲਗਾਏ ਜਿਲਾਂ ਪੱਧਰੀ ਕਿਸਾਨ ਸਿਖਲਾਈ ਕੈਂਪ ਵਿੱਚ ਬਾਗਬਾਨੀ ਸਕੀਮਾਂ ਨੂੰ ਦਰਸਾਉਂਦੀ ਸਟਾਲ ਲਗਾਈ ਗਈ।




ਮਿਤੀ 28 ਨਵੰਬਰ 2025 ਨੂੰ ਸ਼੍ਰੀ ਹਰਮੇਲ ਸਿੰਘ ਸੰਯੁਕਤ ਡਾਇਰੈਕਟਰ ਬਾਗਬਾਨੀ, ਸ਼੍ਰੀ ਹਰਪ੍ਰੀਤ ਸਿੰਘ ਸੇਠੀ ਡਿਪਟੀ ਡਾਇਰੈਕਟਰ ਬਾਗਬਾਨੀ, ਸ਼੍ਰੀ ਜਸਪਾਲ ਸਿੰਘ ਢਿੱਲੋਂ ਸਹਾਇਕ ਡਾਇਰੈਕਟਰ ਬਾਗਬਾਨੀ, ਸ਼੍ਰੀਮਤੀ ਬਲਵਿੰਦਰ ਕੌਰ ਬਾਗਬਾਨੀ ਵਿਕਾਸ ਅਫਸਰ, ਸ਼੍ਰੀ ਇੰਦਰਜੀਤ ਸਿੰਘ ਬਾਗਬਾਨੀ ਵਿਕਾਸ ਅਫਸਰ ਅਤੇ ਮੈਡਮ ਰਵਦੀਪ ਕੌਰ ਟੀਮ ਲੀਡਰ ਏ. ਆਈ. ਐਫ. ਵੱਲੋਂ ਪਾਰਕ ਹੋਟਲ ਨਵੀਂ ਦਿੱਲੀ ਵਿਖੇ "ਜੀਕਾ ਓ.ਡੀ.ਏ. ਲੋਨ ਅਤੇ ਪ੍ਰਕਿਉਰਮੈਂਟ ਸੈਮੀਨਾਰ ਸਾਲ 2025" ਵਿੱਚ ਭਾਗ ਲਿਆ ਗਿਆ।

# ਬਾਗਬਾਨੀ ਸਰਗਰਮੀਆਂ



ਜ਼ਿਲ੍ਹਾ ਹੁਸ਼ਿਆਰਪੁਰ: ਮਿਤੀ 27 ਨਵੰਬਰ 2025 ਨੂੰ ਮਾਨਯੋਗ ਡਾਇਰੈਕਟਰ ਬਾਗਬਾਨੀ ਪੰਜਾਬ ਅਤੇ ਡਿਪਟੀ ਡਾਇਰੈਕਟਰ ਬਾਗਬਾਨੀ ਜ਼ਿਲ੍ਹਾ ਹੁਸ਼ਿਆਰਪੁਰ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬਲਾਕ ਟਾਂਡਾ ਵਿੱਚ ਕਿਸਾਨ ਸਿਖਲਾਈ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਵਿੱਚ ਬਲਾਕ ਦੇ ਵੱਖ-ਵੱਖ ਪਿੰਡਾਂ ਤੋਂ ਲਗਭਗ 100 ਕਿਸਾਨਾਂ ਨੇ ਭਾਗ ਲਿਆ। ਕੈਂਪ ਦੌਰਾਨ ਕਿਸਾਨਾਂ ਨੂੰ ਕੁਦਰਤੀ ਖੇਤੀ, ਬਾਗਬਾਨੀ ਦੇ ਰੁਝਾਨ ਅਤੇ ਇਸ ਖੇਤਰ ਵਿੱਚ ਉਪਲੱਬਧ ਵਿਕਾਸੀ ਮੌਕਿਆਂ ਬਾਰੇ ਵਿਸਥਾਰ ਨਾਲ ਅਵਗਤ ਕਰਵਾਇਆ ਗਿਆ। ਇਸ ਸਬੰਧੀ ਸ਼੍ਰੀ ਜਸਪਾਲ ਸਿੰਘ, ਚੇਅਰਮੈਨ-ਕਮ-ਸੀਈਓ, ਸਿਟਰਸ ਅਸਟੇਟ ਭੂੰਗਾ ਅਤੇ ਸ਼੍ਰੀ ਲਖਬੀਰ ਸਿੰਘ, ਬਾਗਬਾਨੀ ਵਿਕਾਸ ਅਫਸਰ, ਬਲਾਕ ਭੂੰਗਾ ਵਲੋਂ ਬਾਗਬਾਨੀ ਵਿਭਾਗ ਪੰਜਾਬ ਦੀਆਂ ਵੱਖ-ਵੱਖ ਸਕੀਮਾਂ ਬਾਰੇ ਵਿਉਂਤਬੱਧ ਜਾਣਕਾਰੀ ਅਤੇ ਸਿਟਰਸ ਅਸਟੇਟ ਭੂੰਗਾ ਵਿਖੇ ਕਿਸਾਨਾਂ ਲਈ ਉਪਲੱਬਧ ਸੁਵਿਧਾਵਾਂ ਅਤੇ ਸੇਵਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ, ਤਾਂ ਜੋ ਉਹ ਬਾਗਬਾਨੀ ਨਾਲ ਜੁੜੀਆਂ ਨਵੀਂਨਤਮ ਤਕਨੀਕਾਂ ਅਤੇ ਮੌਕਿਆਂ ਦਾ ਲਾਭ ਲੈ ਸਕਣ।



ਮਿਤੀ 28 ਨਵੰਬਰ 2025 ਨੂੰ ਮਾਨਯੋਗ ਡਾਇਰੈਕਟਰ ਬਾਗਬਾਨੀ ਪੰਜਾਬ ਅਤੇ ਡਿਪਟੀ ਡਾਇਰੈਕਟਰ ਬਾਗਬਾਨੀ ਜ਼ਿਲ੍ਹਾ ਹੁਸ਼ਿਆਰਪੁਰ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਬਲਾਕ ਭੂੰਗਾ ਦੇ ਅਧੀਨ ਵੱਖ-ਵੱਖ ਸਰਕਾਰੀ ਰਜਿਸਟਰਡ ਨਰਸਰੀਆਂ ਵਿੱਚ ਮੌਜੂਦ ਫਲਦਾਰ ਬੂਟਿਆਂ ਦੀ ਸੈਂਪਲਿੰਗ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਮਾਹਿਰਾਂ ਦੁਆਰਾ ਕਰਵਾਈ ਗਈ। ਇਸਦਾ ਮੁੱਖ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਇਲਾਕੇ ਦੇ ਕਿਸਾਨਾਂ ਨੂੰ ਰੋਗ-ਰਹਿਤ ਅਤੇ ਗੁਣਵੱਤਾ ਵਾਲੇ ਫਲਦਾਰ ਬੂਟੇ ਸਮੇਂ ਸਿਰ ਪ੍ਰਦਾਨ ਕੀਤੇ ਜਾ ਸਕਣ।



ਮਿਤੀ 29 ਨਵੰਬਰ 2025 ਨੂੰ ਸ਼੍ਰੀ ਅਰਜਿੰਦਰਪਾਲ ਸਿੰਘ ਅਤੇ ਸ਼੍ਰੀ ਰਾਜਬੀਰ ਸਿੰਘ ਪਿੰਡ ਉਸਮਾ ਬਲਾਕ ਨੌਸ਼ਹਿਰਾ ਪੰਨੂਆਂ ਦੇ ਬਾਗ ਦਾ ਨਿਰੀਖਣ ਕਰਦੇ ਹੋਏ ਸ਼੍ਰੀ ਕਵਲਜਗਦੀਪ ਸਿੰਘ ਬਾਗਬਾਨੀ ਵਿਕਾਸ ਅਫ਼ਸਰ ਫਤਿਹਾਬਾਦ।

# ਬਾਗਬਾਨੀ ਖਬਰਨਾਮਾ


## ਪੰਜਾਬ ਸਰਕਾਰ ਬਾਗਬਾਨੀ ਖੇਤਰ ਨੂੰ ਪ੍ਰਫੁੱਲਤ ਕਰਨ ਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਤੇਜ਼ੀ ਨਾਲ ਕੰਮ ਕਰ ਰਹੀ-ਮੋਹਿੰਦਰ ਭਗਤ

ਚੰਡੀਗੜ੍ਹ, 14 ਨਵੰਬਰ (ਅਜੀਤ ਬਿਊਰੋ)-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬਾਗ਼ਬਾਨੀ ਖੇਤਰ ਨੂੰ ਪ੍ਰਫੁੱਲਤ ਕਰਨ ਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ। ਇਸੇ ਮੰਤਵ ਦੇ ਮੱਦੇਨਜ਼ਰ ਬਾਗਬਾਨੀ ਮੰਤਰੀ ਮੋਹਿੰਦਰ ਭਗਤ ਨੇ ਬਾਗਬਾਨੀ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਪੰਜਾਬ ਭਵਨ, ਚੰਡੀਗੜ੍ਹ ਵਿਖੇ ਵਿਸ਼ੇਸ਼ ਮੀਟਿੰਗ ਕੀਤੀ। ਮੰਤਰੀ ਭਗਤ ਨੇ ਮੀਟਿੰਗ ਦੌਰਾਨ ਬਾਗ਼ਬਾਨੀ ਵਿਭਾਗ ਦੀ ਯੋਜਨਾ 'ਆਪਣਾ ਪਿੰਡ ਆਪਣਾ ਬਾਗ਼' ਅਧੀਨ ਹੋਈ ਪ੍ਰਗਤੀ ਤੇ ਵਿਭਾਗ ਵਿਚ ਚੱਲ ਰਹੇ ਹੋਰ ਅਹਿਮ ਪ੍ਰਾਜੈਕਟਾਂ ਦੀ ਸਮੀਖਿਆ ਕੀਤੀ। ਮੰਤਰੀ ਨੇ ਵੱਖ-ਵੱਖ ਜ਼ਿਲ੍ਹਾ ਅਧਿਕਾਰੀਆਂ ਤੋਂ ਪ੍ਰਗਤੀ ਅਧੀਨ ਪ੍ਰਾਜੈਕਟਾਂ ਜਿਨ੍ਹਾਂ ਵਿਚ ਪੌਲੀ ਹਾਊਸਾਂ ਤੋਂ ਇਲਾਵਾ ਸੂਬੇ ਵਿਚ ਫਲਾਂ ਤੇ ਸਬਜ਼ੀਆਂ ਸੰਬੰਧੀ ਉਤਪਾਦਨ ਦਾ ਵੀ ਵਿਸ਼ੇਸ਼ ਜਾਇਜ਼ਾ ਲਿਆ। ਇਸ ਮੌਕੇ ਭਗਤ ਨੇ ਦੱਸਿਆ ਕਿ ਸੂਬਾ ਸਰਕਾਰ ਵਲੋਂ ਪਿੰਡਾਂ ਦੀ ਪੰਚਾਇਤੀ ਜ਼ਮੀਨਾਂ ਤੇ ਫ਼ਲਦਾਰ ਪੌਦੇ ਲਗਾਉਣ ਦੀ ਯੋਜਨਾ ਉਲੀਕੀ ਗਈ ਹੈ। ਉਨ੍ਹਾ ਦੱਸਿਆ ਕਿ ਪੰਚਾਇਤੀ ਜ਼ਮੀਨਾਂ ਤੇ ਲੱਗਣ ਵਾਲੇ ਫ਼ਲਦਾਰ ਬਾਗਾਂ ਤੋਂ ਹੋਣ ਵਾਲੀ ਆਮਦਨ ਪਿੰਡਾਂ ਦੇ ਵਿਕਾਸ ਲਈ ਵਰਤੀ ਜਾਵੇਗੀ, ਜਿਸ ਨਾਲ ਸੂਬੇ ਦੇ ਪਿੰਡ ਆਰਥਿਕ ਪੱਖੋਂ ਆਤਮਨਿਰਭਰ ਹੋਣਗੇ। ਇਸ ਤੋਂ ਪਹਿਲਾਂ ਮੀਟਿੰਗ ਦੌਰਾਨ ਬਾਗ਼ਬਾਨੀ ਕਮਿਸ਼ਨਰ ਸ੍ਰੀਮਤੀ ਬਬੀਤਾ ਕਲੇਰ ਤੇ ਡਾਇਰੈਕਟਰ ਸ੍ਰੀਮਤੀ ਸ਼ੈਲੇਂਦਰ ਕੌਰ ਵਲੋਂ ਵਿਭਾਗ ਅਧੀਨ ਪ੍ਰੋਜੈਕਟਾਂ ਦੀ ਪ੍ਰਗਤੀ ਤੇ ਖਾਲੀ ਅਸਾਮੀਆਂ ਨੂੰ ਭਰਨ ਸੰਬੰਧੀ ਕੀਤੀ ਜਾ ਰਹੀ ਕਾਰਵਾਈ ਬਾਰੇ ਮੰਤਰੀ ਨੂੰ ਵਿਸ਼ੇਸ਼ ਤੌਰ 'ਤੇ ਜਾਣੂ ਕਰਵਾਇਆ।

ਵਰਸ਼ - 12 ਅੰਕ - 031 | कुल पृष्ठ 4 मूल्य - 2 रु. | लुधियाना | 29 नवंबर, 2025
निर्भीक एवं निष्पक्ष
जागृति लहर
JAGRATI LAHAR — ਜਾਗ੍ਰਤੀ ਲਹਿਰ
शहीद बाबू लाभ सिंह एवं शहीद नरिंदर नाथ खन्ना को समर्पित समाचार पत्र
मुख्य संपादक : गौतम जालंधरी • www.jagratilahar.com • Email : jagratilahar@gmail.com • RNI No. PUNBIL/2014/59855
YouTube youtube/c/jagratilehar • www.facebook.com/jagratilehar • 81462-00161, 98154-82954

जब तक सांस है, तब तक संघर्ष है, और जब तक संघर्ष है, तब तक उम्मीद है।

## फिरोजपुर जिले में कुदरती आफतों से सब्जियों के नुकसान पर मिलेगी आर्थिक मदद : डॉ. बलकार सिंह



**फिरोजपुर, 28 नवंबर( विजय कक्कड़)** : डिप्टी डायरेक्टर हॉर्टिकल्चर बलकार सिंह ने कहा कि फिरोजपुर जिले में बाढ़ और भारी बारिश से हुए नुकसान को देखते हुए केंद्र सरकार की स्कीम नेशनल हॉर्टिकल्चर मिशन के तहत आर्थिक मदद दी जा रही है। उन्होंने कहा कि अलग-अलग गांवों में बारिश से काफी नुकसान हुआ है, जिसमें सबसे ज्यादा सब्जियां प्रभावित हुई हैं। उन्होंने कहा कि MIDM स्कीम के तहत हाइब्रिड सब्जियों की खेती के लिए खास बजट दिया गया है। जिसके तहत 9600 रुपये प्रति एकड़ और लहसुन व प्याज के लिए 8000 रुपये प्रति एकड़ की आर्थिक मदद दी जाएगी। यह आर्थिक मदद एक लाभार्थी को ज्यादा से ज्यादा 5 एकड़ तक मिल सकती है। उन्होंने जमीन मालिकों से अपील की कि हाइब्रिड सब्जियां उगाने वाले किसान अपने ब्लॉक के हॉर्टिकल्चर डेवलपमेंट ऑफिसर या जिला प्रमुख से संपर्क कर नुकसान के मुआवजे के लिए अप्लाई कर सकते हैं।

## Punjab Horticulture Department offers subsidies for damaged crops

**Tarn Taran:** The Punjab Horticulture Department is providing financial assistance under various schemes for different types of crops. Tajinder Singh, Deputy Director of Horticulture, Tarn Taran, stated that the rains have caused significant damage in various villages across the district, with vegetables being the most affected. A special budget has been allocated for hybrid vegetables under the MIDH scheme, providing a subsidy of Rs 24,000 per hectare. Additionally, a subsidy of Rs 20,000 is available for onions and garlic. Landowners can avail of this subsidy for a maximum of 2 hectares. He appealed to landowners who have planted hybrid vegetables to contact the Horticulture Department to avail the subsidy.

> Hybrid vegetables, onions, and garlic farmers can claim financial assistance under MIDH scheme immediately



Deputy Director, Tajinder Singh.

## ਪੰਜਾਬ ਸਰਕਾਰ ਬਾਗਬਾਨੀ ਖੇਤਰ ਨੂੰ ਪ੍ਰਫੁੱਲਤ ਕਰਨ ਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ : ਮੋਹਿੰਦਰ ਭਗਤ



ਚੰਡੀਗੜ੍ਹ, 13 ਨਵੰਬਰ (ਰ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬਾਗਬਾਨੀ ਖੇਤਰ ਨੂੰ ਪ੍ਰਫੁੱਲਤ ਕਰਨ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ।ਇਸੇ ਮੰਤਵ ਦੇ ਮੱਦੇਨਜ਼ਰ ਬਾਗਬਾਨੀ ਮੰਤਰੀ ਮੋਹਿੰਦਰ ਭਗਤ ਨੇ ਬਾਗਬਾਨੀ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਅੱਜ ਪੰਜਾਬ ਭਵਨ, ਚੰਡੀਗੜ੍ਹ ਵਿਖੇ ਵਿਸ਼ੇਸ਼ ਮੀਟਿੰਗ ਕੀਤੀ। ਮੰਤਰੀ ਭਗਤ ਨੇ ਮੀਟਿੰਗ ਦੌਰਾਨ ਬਾਗਬਾਨੀ ਵਿਭਾਗ ਦੀ ਯੋਜਨਾ 'ਆਪਣਾ ਪਿੰਡ ਆਪਣਾ ਬਾਗ਼' ਅਧੀਨ ਹੋਈ ਪ੍ਰਗਤੀ ਅਤੇ ਵਿਭਾਗ ਵਿੱਚ ਚੱਲ ਰਹੇ ਹੋਰ ਅਹਿਮ ਪ੍ਰੋਜੈਕਟਾਂ ਦੀ ਸਮੀਖਿਆ ਕੀਤੀ। ਮੰਤਰੀ ਨੇ ਵੱਖ ਵੱਖ ਜਿਲ੍ਹਾ ਅਧਿਕਾਰੀਆਂ ਤੋਂ ਪ੍ਰਗਤੀ ਅਧੀਨ ਪ੍ਰੋਜੈਕਟਾਂ ਜਿਨ੍ਹਾਂ ਵਿੱਚ ਪੌਲੀ ਹਾਊਸਾਂ ਤੋਂ ਇਲਾਵਾ ਸੂਬੇ ਵਿੱਚ ਫਲਾਂ ਅਤੇ ਸਬਜ਼ੀਆਂ ਸਬੰਧੀ ਉਤਪਾਦਨ ਦਾ ਵੀ ਵਿਸ਼ੇਸ਼ ਜਾਇਜ਼ਾ ਲਿਆ। ਇਸ ਮੌਕੇ ਭਗਤ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਪਿੰਡਾਂ ਦੀ ਪੰਚਾਇਤੀ ਜ਼ਮੀਨਾਂ ਤੇ ਫ਼ਲਦਾਰ ਪੌਦੇ ਲਗਾਉਣ ਦੀ ਯੋਜਨਾ ਉਲੀਕੀ ਗਈ ਹੈ। ਉਨ੍ਹਾ ਦੱਸਿਆ ਕਿ ਪੰਚਾਇਤੀ ਜ਼ਮੀਨਾਂ ਤੇ ਲੱਗਣ ਵਾਲੇ ਫ਼ਲਦਾਰ ਬਾਗਾਂ ਤੋਂ ਹੋਣ ਵਾਲੀ ਆਮਦਨ ਪਿੰਡਾਂ ਦੇ ਵਿਕਾਸ ਲਈ ਵਰਤੀ ਜਾਵੇਗੀ। ਜਿਸ ਨਾਲ ਸੂਬੇ ਦੇ ਪਿੰਡ ਆਰਥਿਕ ਪੱਖੋਂ ਆਤਮਨਿਰਭਰ ਹੋਣਗੇ।

ਇਸ ਤੋਂ ਪਹਿਲਾਂ ਮੀਟਿੰਗ ਦੌਰਾਨ ਬਾਗਬਾਨੀ ਕਮਿਸ਼ਨਰ ਬਬੀਤਾ ਕਲੇਰ ਤੇ ਡਾਇਰੈਕਟਰ ਸ਼ੈਲੇਂਦਰ ਕੌਰ ਵਲੋਂ ਵਿਭਾਗ ਅਧੀਨ ਪ੍ਰੋਜੈਕਟਾਂ ਦੀ ਪ੍ਰਗਤੀ ਤੇ ਖਾਲੀ ਅਸਾਮੀਆਂ ਨੂੰ ਭਰਨ ਸਬੰਧੀ ਕੀਤੀ ਜਾ ਰਹੀ ਕਾਰਵਾਈ ਬਾਰੇ ਮੰਤਰੀ ਨੂੰ ਵਿਸ਼ੇਸ਼ ਤੌਰ 'ਤੇ ਜਾਣੂ ਕਰਵਾਇਆ। ਇਸ ਮੌਕੇ ਮੰਤਰੀ ਭਗਤ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬਾਗਬਾਨੀ ਵਿਭਾਗ ਅਧੀਨ ਪ੍ਰਗਤੀ ਹੇਠ ਸਾਰੇ ਪ੍ਰੋਜੈਕਟਾਂ ਨੂੰ ਮਿੱਥੇ ਸਮੇਂ ਵਿੱਚ ਪੂਰਾ ਕੀਤਾ ਜਾਵੇ। ਉਨ੍ਹਾ ਕਿਹਾ ਕਿ ਅਧਿਕਾਰੀ ਸਥਾਨਕ ਪੰਚਾਇਤਾਂ ਅਤੇ ਕਿਸਾਨਾਂ ਨਾਲ ਨਿੱਜੀ ਤੌਰ ਤੇ ਰਾਬਤਾ ਕਾਇਮ ਕਰਨ ਅਤੇ ਕਿਸਾਨਾਂ ਨੂੰ ਸਰਕਾਰੀ ਹਦਾਇਤਾਂ ਅਨੁਸਾਰ ਹਰ ਸੰਭਵ ਸਹਾਇਤਾ ਦੇਣ। ਅਧਿਕਾਰੀਆਂ ਵੱਲੋਂ ਕੈਬਨਿਟ ਮੰਤਰੀ ਨੂੰ ਹਰ ਕੰਮ ਸਮੇਂ ਸਿਰ ਪੂਰਾ ਕਰਨ ਦਾ ਭਰੋਸਾ ਦਿੱਤਾ ਗਿਆ।

# ਬਾਗਬਾਨੀ ਖਬਰਨਾਮਾ

## ਹੜ੍ਹ ਪ੍ਰਭਾਵਿਤ ਖੇਤਰ 'ਚ ਹਾਈਬ੍ਰਿਡ ਸਬਜ਼ੀਆਂ 'ਤੇ ਦਿੱਤੀ ਜਾ ਰਹੀ ਵਿੱਤੀ ਸਹਾਇਤਾ



ਜਸਮੇਲ ਚੀਦਾ

ਤਰਨ ਤਾਰਨ, 21 ਨਵੰਬਰ : ਬਾਗਬਾਨੀ ਵਿਭਾਗ ਪੰਜਾਬ ਵੱਲੋਂ ਖੇਤੀ ਵਿਭਿੰਨਤਾ ਲਈ ਵੱਖ-ਵੱਖ ਮੱਦਾਂ ਅਧੀਨ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਡਿਪਟੀ ਡਾਇਰੈਕਟਰ ਬਾਗਬਾਨੀ ਤਰਨ ਤਾਰਨ ਸ੍ਰੀ ਤਜਿੰਦਰ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ 'ਚ ਵੱਖ-ਵੱਖ ਪਿੰਡਾਂ ਵਿੱਚ ਬਾਰਸ਼ਾਂ ਨਾਲ ਕਾਫੀ ਨੁਕਸਾਨ ਹੋਇਆ ਹੈ। ਜਿਸ ਵਿੱਚ ਜ਼ਿਆਦਾਤਰ ਸਬਜ਼ੀਆਂ ਪ੍ਰਭਾਵਿਤ ਹੋਈਆਂ ਹਨ। ਐਮਆਈਡੀਐਚ ਸਕੀਮ ਅਧੀਨ ਹਾਈਬ੍ਰਿਡ ਸਬਜ਼ੀਆਂ ਲਈ ਸਪੈਸ਼ਲ ਤੌਰ 'ਤੇ ਬਜਟ ਅਲਾਟ ਹੋਇਆ ਹੈ, ਜਿਸ ਤਹਿਤ 24000/- ਰੁਪਏ ਪ੍ਰਤੀ ਹੈਕਟੇਅਰ ਸਬਸਿਡੀ ਉਪਲੱਬਧ ਹੈ। ਇਸ ਤੋਂ ਇਲਾਵਾ ਪਿਆਜ ਤੇ ਲਸਣ ਤੇ 20000/- ਰੁਪਏ ਦੀ ਸਬਸਿਡੀ ਉਪਲੱਬਧ ਹੈ। ਇਹ ਸਬਸਿਡੀ ਪ੍ਰਤੀ ਜਿਮੀਂਦਾਰ ਵੱਧ ਤੋਂ ਵੱਧ 2 ਹੈਕਟੇਅਰ ਤੱਕ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਨੇ ਜਿਮੀਂਦਾਰਾਂ ਨੂੰ ਅਪੀਲ ਕੀਤੀ ਹੈ ਕਿ ਜਿਨ੍ਹਾਂ ਜਿਮੀਂਦਾਰਾਂ ਨੇ ਹਾਈਬ੍ਰਿਡ ਸਬਜ਼ੀਆਂ ਲਗਾਈਆਂ ਹਨ ਉਹ ਬਾਗਬਾਨੀ ਵਿਭਾਗ ਨਾਲ ਸੰਪਰਕ ਕਰਕੇ ਸਬਸਿਡੀ ਪ੍ਰਾਪਤ ਕਰ ਸਕਦੇ ਹਨ।

---

ਹੁਸ਼ਿਆਰਪੁਰ/ਮੁਕੇਰੀਆਂ ਅਜੀਤ ਐਤਵਾਰ, 16 ਨਵੰਬਰ 2025 8



ਸਿਟਰਸ ਅਸਟੇਟ ਭੂੰਗਾ ਵਿਖੇ ਮੂੰਗਫਲੀ ਦੇ ਨਵੇਂ ਪ੍ਰੋਸੈਸਿੰਗ ਯੂਨਿਟ ਦਾ ਉਦਘਾਟਨ ਕਰਦੇ ਹੋਏ ਆਸ਼ਿਕਾ ਜੈਨ ਡਿਪਟੀ ਕਮਿਸ਼ਨਰ ਤੇ ਹੋਰ। ਤਸਵੀਰ : ਹਰਮੇਲ ਸਿੰਘ ਖੱਖ

## ਭੂੰਗਾ ਵਿਖੇ ਮੂੰਗਫਲੀ ਦੇ ਨਵੇਂ ਪ੍ਰੋਸੈਸਿੰਗ ਯੂਨਿਟ ਦਾ ਡੀ. ਸੀ. ਆਸ਼ਿਕਾ ਜੈਨ ਵਲੋਂ ਉਦਘਾਟਨ

ਹਰਿਆਣਾ, 15 ਨਵੰਬਰ (ਹਰਮੇਲ ਸਿੰਘ ਖੱਖ)-ਪੰਜਾਬ ਸਰਕਾਰ ਵਲੋਂ ਸੂਬੇ ਅੰਦਰ ਰਵਾਇਤੀ ਫ਼ਸਲਾਂ ਦੀ ਬਿਜਾਈ ਨਾ ਕਰਕੇ ਹੋਰ ਫ਼ਸਲਾਂ ਦੀ ਬਿਜਾਈ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਜਿਸ ਦੇ ਯਤਨਾਂ ਨੂੰ ਅੱਗੇ ਤੋਰਦੇ ਹੋਏ ਅਤੇ ਬਾਗ਼ਬਾਨੀ ਵਿਭਾਗ ਫ਼ਸਲਾਂ ਦੀ ਬਿਜਾਈ ਕਰਵਾ ਕੇ ਖ਼ੁਦ ਮੰਡੀਕਰਨ ਦੇ ਉਪਰਾਲਿਆਂ ਨੂੰ ਤੇਜ਼ ਕਰਨ ਲਈ ਬਾਗ਼ਬਾਨੀ ਵਿਭਾਗ ਹੁਸ਼ਿਆਰਪੁਰ ਬਲਾਕ ਭੂੰਗਾ ਅਤੇ ਸਿਟਰਸ ਅਸਟੇਟ ਭੂੰਗਾ ਵਲੋਂ ਸਾਂਝੇ ਤੌਰ 'ਤੇ ਮੂੰਗਫਲੀ ਪ੍ਰੋਸੈਸਿੰਗ ਯੂਨਿਟ ਲਗਾਇਆ ਗਿਆ ਹੈ, ਜਿਸ ਦਾ ਉਦਘਾਟਨ ਆਸ਼ਿਕਾ ਜੈਨ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਵਲੋਂ ਕੀਤਾ ਗਿਆ। ਇਸ ਮੌਕੇ ਆਸ਼ਿਕਾ ਜੈਨ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਐਸੇ ਅਨੇਕਾਂ ਹੀ ਉਪਰਾਲੇ ਕੀਤੇ ਜਾ ਰਹੇ ਹਨ, ਜਿਨ੍ਹਾਂ ਨਾਲ ਕਿਸਾਨ ਰਵਾਇਤੀ ਫ਼ਸਲਾਂ ਨੂੰ ਛੱਡ ਕੇ ਹੋਰ ਫ਼ਸਲਾਂ ਵੱਲ ਆਉਣ, ਜਿਸ ਨਾਲ ਉਨ੍ਹਾਂ ਨੂੰ ਵੱਧ ਮੁਨਾਫ਼ਾ ਮਿਲ ਸਕੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਰਮਜੀਤ ਸਿੰਘ ਕਾਲੂਵਾਹਰ, ਡਾ. ਗੁਰਕੰਵਲ ਸਿੰਘ ਸਾਬਕਾ ਡਾਇਰੈਕਟਰ ਬਾਗ਼ਬਾਨੀ ਪੰਜਾਬ, ਡਾ.ਜਸਪਾਲ ਸਿੰਘ ਢੇਰੀ ਚੇਅਰਮੈਨ ਕਮ ਸੀ.ਈ.ਓ ਸਿਟਰਸ ਅਸਟੇਟ ਭੂੰਗਾ ਨੇ ਦੱਸਿਆ ਇਹ ਯੂਨਿਟ ਲਗਾਉਣ 'ਚ ਆਸ਼ਿਕਾ ਜੈਨ ਡੀ.ਸੀ ਹੁਸ਼ਿਆਰਪੁਰ ਅਤੇ ਕੋਮਲ ਮਿੱਤਲ ਡੀ.ਸੀ ਮੋਹਾਲੀ ਵੱਲੋਂ ਉਚੇਚੇ ਤੌਰ ਉੱਤੇ ਸਹਿਯੋਗ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਵਲੋਂ ਸਿਟਰਸ ਅਸਟੇਟ ਭੂੰਗਾ ਵਿਖੇ ਮੂੰਗਫਲੀ ਪ੍ਰੋਸੈਸਿੰਗ ਯੂਨਿਟ ਲਗਾਉਣ ਲਈ 7.50 ਲੱਖ ਰੁਪਏ ਦਿੱਤੇ ਗਏ ਤੇ ਇਹ ਯੂਨਿਟ ਲਗਾਇਆ ਗਿਆ ਹੈ, ਜਿਸ 'ਚ ਵੱਖ-ਵੱਖ ਫਲਾਂ, ਸਬਜ਼ੀ ਅਤੇ ਮੂੰਗਫਲੀ ਨੂੰ ਪ੍ਰਾਸੈਸਿੰਗ ਕਰਕੇ ਖ਼ੁਦ ਵੇਚਿਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਵੰਤ ਸਿੰਘ ਚੌਟਾਲਾ, ਪਰਮਜੀਤ ਸਿੰਘ ਕਾਲੂਵਾਹਰ, ਡਾ. ਅਰਵਿੰਦ ਸਿੰਘ ਧੂਤ, ਹਰਤੇਗ ਸਿੰਘ, ਹਰਜਿੰਦਰ ਸਿੰਘ ਢਿੱਲੋਂ, ਤੁਲਸੀ ਰਾਮ ਸਿੰਘ ਕੂੰਟਾਂ, ਸਤਵੀਰ ਸਿੰਘ ਬੈਰਮਪੁਰ, ਗੁਰਦੀਪ ਸਿੰਘ ਦਾਰਾਪੁਰ, ਬਲਜੀਤ ਸਿੰਘ, ਹਰਜਿੰਦਰ ਸਿੰਘ ਧੁਰੀਆਂ, ਪਰਮਜੀਤ ਸਿੰਘ ਪੰਮੀ, ਮਨਦੀਪ ਸਿੰਘ ਸਿੱਧੂ, ਮਲਕੀਤ ਸਿੰਘ, ਡਾ. ਲਖਵਿੰਦਰ ਸਿੰਘ, ਡਾ. ਪ੍ਰੇਮ ਸਿੰਘ, ਡਾ. ਦੀਪਕ ਸ਼ਰਮਾ, ਡਾ. ਕਰਨਵੀਰ ਕੌਰ, ਡਾ. ਜਸਦੀਪ ਸਿੰਘ, ਅਮਨ ਦਾਸ ਢੱਕੀ, ਹਰਦੀਪ ਸਿੰਘ, ਰਜਿੰਦਰਪਾਲ ਸਿੰਘ, ਸੁਖਦੀਪ ਸਿੰਘ, ਭਜਨ ਸਿੰਘ, ਹਰਕਮਲ ਸਿੰਘ ਤੇ ਹੋਰ ਹਾਜ਼ਰ ਸਨ।

---

दैनिक सवेरा टाइम्स
अंधेरे से उजाले की ओर...

## फिरोजपुर में प्राकृतिक आपदाओं से हुए सब्जी के नुकसान के लिए दी जाएगी वितीय सहायता : डा. बलकार सिंह

**सवेरा न्यूज/विजय/विकास/अरुण, फिरोजपुर :** जिला फिरोजपुर में बाढ़ व भारी बरसात के कारण हुए नुक्सान को देखते हुए केन्द्र सरकार की स्कीम राष्ट्रीय बागबानी मिशन के अंतगर्त वितीय सहायता प्रदान की जा रही है। डिप्टी डायरैक्टर बागबानी जा.बलकार सिंह ने बताया कि विभिन्न गांवों में बरसातों से काफी नुकसान हुआ है, जिसमें अधिकतर सब्जीयां प्रभावित हुई है। उन्होंने बताया कि एमआईडीएम स्कीम के अंतगर्त हाईब्रिड सब्जीयों की काश्त करने के लिए स्पैशल बजट अलाट हुआ है, जिस तहत 9600 रुपए प्रति एकड़ व 8 हजार रुपए प्रति एकड़ लसन व प्याज के लिए वितीय सहायता दी जाएगी। यह वितीय सहायता प्रति भापकारी अधिक से अधिक 5 एकड़ तक प्राप्त कर सकता है। उन्होंने जिम्मीदारों को अपील की कि हाईब्रिड सब्जियों की काश्त करने वाले किसान अपने ब्लाक के बागबानी विकास अधिकारी या जिला प्रभारी के साथसंपर्क करके हुए नुकसान के मुआवजे के लिए अप्लाई करें।

दैनिक सवेरा टाइम्स
Sat, 29 November 2025
epaper.dainiksaveratimes.in/c/

---



ਜਨਰਲ ਬਾਡੀ ਦੀ ਹੋਈ ਮੀਟਿੰਗ ਮੌਕੇ ਵਿਚਾਰ-ਵਟਾਂਦਰਾ ਕਰਦੇ ਹੋਏ ਡਾ. ਜਸਪਾਲ ਸਿੰਘ ਢੇਰੀ ਤੇ ਹੋਰ। ਤਸਵੀਰ : ਹਰਮੇਲ ਸਿੰਘ ਖੱਖ

## ਸਿਟਰਸ ਅਸਟੇਟ ਭੂੰਗਾ ਦੀ ਜਨਰਲ ਬਾਡੀ ਦੀ ਮੀਟਿੰਗ

ਹਰਿਆਣਾ, 17 ਨਵੰਬਰ (ਹਰਮੇਲ ਸਿੰਘ ਖੱਖ)-ਸਿਟਰਸ ਅਸਟੇਟ ਭੂੰਗਾ (ਹਰਿਆਣਾ) ਦੀ ਜਨਰਲ ਬਾਡੀ ਮੀਟਿੰਗ ਸਹਾਇਕ ਬਾਗ਼ਬਾਨੀ ਅਫ਼ਸਰ ਕਮ ਚੇਅਰਮੈਨ ਸਿਟਰਸ ਅਸਟੇਟ ਭੂੰਗਾ ਦੀ ਅਗਵਾਈ ਹੇਠ ਹੋਈ, ਜਿੱਥੇ ਵੱਖ-ਵੱਖ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ। ਮੀਟਿੰਗ ਵਿਚ ਹਰਤੇਗ ਸਿੰਘ ਨੇ ਸਾਲ 2024-25 ਲਈ ਜਨਰਲ ਆਡਿਟ ਰਿਪੋਰਟ ਪੇਸ਼ ਕੀਤੀ। ਉਨ੍ਹਾਂ ਦੱਸਿਆ ਕਿ ਸਿਟਰਸ ਅਸਟੇਟ ਭੂੰਗਾ ਨੇ ਪਿਛਲੇ ਵਿੱਤੀ ਸਾਲ ਵਿਚ ਲਗਪਗ 70.30 ਮਿਲੀਅਨ ਰੁਪਏ ਖਰਚ ਕੀਤੇ ਅਤੇ ਲਗਪਗ 75.87 ਮਿਲੀਅਨ ਰੁਪਏ ਦੀ ਆਮਦਨ ਪੈਦਾ ਕੀਤੀ। ਇਸ ਰਿਪੋਰਟ ਨੂੰ ਜਨਰਲ ਹਾਊਸ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਇਸ ਦੌਰਾਨ ਡਾ. ਜਸਪਾਲ ਸਿੰਘ ਢੇਰੀ ਤੇ ਡਾ: ਗੁਰਕੰਵਲ ਸਿੰਘ ਨੇ ਕਿਹਾ ਕਿ ਸਿਟਰਸ ਅਸਟੇਟ ਤੋਂ ਨਿੰਬੂ ਜਾਤੀ ਦੇ ਫਲਾਂ ਦੇ ਨਾਲ-ਨਾਲ ਉਨ੍ਹਾਂ ਨੇ ਕੰਢੀ ਖੇਤਰ ਵਿਚ ਉਗਾਏ ਜਾਣ ਵਾਲੇ ਹੋਰ ਫਲਾਂ ਦੀ ਪ੍ਰੋਸੈਸਿੰਗ ਅਤੇ ਮਾਰਕੀਟਿੰਗ ਬਾਰੇ ਵੀ ਸਦਨ ਨੂੰ ਜਾਣਕਾਰੀ ਦਿੱਤੀ, ਨਾਲ ਹੀ ਸਬਜ਼ੀਆਂ, ਮੂੰਗਫਲੀ, ਕੜੀ ਪੱਤੇ ਆਦਿ ਨੂੰ ਸੁਕਾਉਣ ਅਤੇ ਮਾਰਕੀਟ ਕਰਨ ਦੇ ਪ੍ਰਸਤਾਵ ਬਾਰੇ ਵੀ ਜਾਣਕਾਰੀ ਦਿੱਤੀ। ਇਸ ਮੌਕੇ ਜਸਵੰਤ ਸਿੰਘ ਚੌਟਾਲਾ ਨੇ ਆਏ ਕਿਸਾਨਾਂ ਦਾ ਧੰਨਵਾਦ ਕੀਤਾ ਅਤੇ ਭਵਿੱਖ ਦੇ ਕੰਮਾਂ ਦੀ ਵਿਸਤਰਿਤ ਰਿਪੋਰਟ ਪੇਸ਼ ਕੀਤੀ। ਮਲਕੀਤ ਸਿੰਘ ਢੱਟ ਨੇ ਪਿਛਲੇ ਵਿੱਤੀ ਸਾਲ ਦੌਰਾਨ ਕੀਤੇ ਗਏ ਟੂਰ ਪ੍ਰੋਗਰਾਮਾਂ 'ਤੇ ਹੋਏ ਖਰਚੇ ਨੂੰ ਸਦਨ ਤੋਂ ਮਨਜ਼ੂਰੀ ਦਿਵਾਈ ਅਤੇ ਭਵਿੱਖ ਵਿਚ ਹੋਰ ਰਾਜਾਂ ਵਿਚ ਹੋਰ ਟੂਰ ਆਯੋਜਿਤ ਕਰਨ ਲਈ ਸਦਨ ਤੋਂ ਵੀ ਪ੍ਰਵਾਨਗੀ ਪ੍ਰਾਪਤ ਕੀਤੀ। ਅੰਤ ਵਿਚ ਪਰਮਜੀਤ ਸਿੰਘ ਕਾਲੂਵਾਹਰ ਨੇ ਹਾਜ਼ਰ ਲੋਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹਰਜਿੰਦਰ ਸਿੰਘ ਢਿੱਲੋਂ, ਹਰਜਿੰਦਰ ਸਿੰਘ, ਧੁਰੀਆਂ, ਗੁਰਦੀਪ ਸਿੰਘ ਦਾਰਾਪੁਰ, ਹਰਜੀਤ ਸਿੰਘ, ਸਤਵੀਰ ਸਿੰਘ, ਮਾਸਟਰ ਰਛਪਾਲ ਸਿੰਘ, ਰਵਿੰਦਰਪਾਲ ਸਿੰਘ, ਕਰਨਲ ਨਵਦੀਪ ਸਿੰਘ, ਤੁਲਸੀ ਰਾਮ ਸਿੰਘ, ਡਾ: ਸੁਮਨਜੀਤ ਕੌਰ, ਡਾ: ਸੰਦੀਪ ਸਿੰਘ, ਡਾ: ਲਖਬੀਰ ਸਿੰਘ, ਡਾ: ਦੀਪਕ ਸ਼ਰਮਾ, ਡਾ: ਅਰਵਿੰਦ ਸਿੰਘ ਧੂਤ, ਲਖਵੀਰ ਸਿੰਘ, ਸ਼ਿਵਦੇਵ ਸਿੰਘ, ਪ੍ਰਭਮਨਿੰਦਰ ਕੌਰ, ਮਲਕੀਤ ਸਿੰਘ ਮੱਕੜ ਆਦਿ ਹਾਜ਼ਰ ਸਨ। ਇਸ ਮੌਕੇ ਵੱਖ-ਵੱਖ ਸੰਸਥਾਵਾਂ ਨੇ ਆਪਣੇ-ਆਪਣੇ ਪ੍ਰਦਰਸ਼ਨੀ ਸਟਾਲ ਵੀ ਲਗਾਏ।

# ਬਾਗ-ਬਗੀਚਾ

## ਮਹੀਨਾਂ ਦਸੰਬਰ ਦੇ ਬਾਗਬਾਨੀ ਰੁਝੇਵੇਂ

ਇਸ ਮਹੀਨੇ ਮੌਸਮ ਠੰਡ ਆਪਣੇ ਪੂਰੇ ਜੋਬਨ ਤੇ ਹੁੰਦੀ ਹੈ ਅਤੇ ਅਜਿਹੇ ਵਿੱਚ ਬਾਗਬਾਨੀ ਫਸਲਾਂ ਲਈ ਇਹ ਸਮਾਂ ਚੁਣੌਤੀ ਭਰਿਆ ਹੁੰਦਾ ਹੈ।ਇਸ ਮਹੀਨੇ ਰਾਤ ਸਮੇਂ ਕੋਰਾ ਪੈਣ ਦੀ ਸੰਭਾਵਨਾਂ ਬਣੀ ਰਹਿੰਦੀ ਹੈ। ਸਾਰੇ ਬੂਟਿਆਂ ਵਿੱਚ ਵਾਧਾ ਰੁੱਕ ਜਾਂਦਾ ਹੈ। ਪੱਤਝੜੀ ਬੂਟੇ ਆਪਣੇ ਪੱਤੇ ਝਾੜ ਦਿੰਦੇ ਹਨ।

### ਫਲਦਾਰ ਬੂਟੇ

ਕੋਰੇ ਦੀ ਮਾਰ ਤੋਂ ਬਚਾਉਣ ਲਈ ਅੰਬ, ਲੀਚੀ, ਪਪੀਤਾ, ਅਮਰੂਦ ਦੇ ਬੂਟਿਆਂ ਦੇ ਦੁਆਲੇ ਕੁੱਲੀਆਂ ਬੰਨ ਦਿਉ ਅਤੇ ਕੋਰਾ ਪੈਣ ਦੀ ਸੰਭਾਵਨਾ ਤੇ ਰਾਤ ਸਮੇਂ ਹਲਕਾ ਪਾਣੀ ਲਾ ਦਿਉ।ਇਸ ਤੋਂ ਇਲਾਵਾ ਸੰਘਣੀ ਹਵਾ ਰੋਕੂ ਵਾੜ ਲਗਾ ਕੇ, ਬੂਟਿਆਂ ਨੂੰ ਹੈੱਡ ਬੈਕ ਕਰਕੇ, ਬੂਟਿਆਂ ਨੂੰ ਦੇਸੀ ਰੂੜੀ ਦੀ ਖਾਦ ਪਾ ਕੇ, ਬੂਟਿਆਂ ਦੁਆਲੇ ਧੂੰਆਂ ਕਰਕੇ ਵੀ ਕੋਰੇ ਦਾ ਅਸਰ ਘੱਟ ਕੀਤਾ ਜਾ ਸਕਦਾ ਹੈ।ਅਮਰੂਦ, ਬੇਰ, ਆਮਲਾ ਅਤੇ ਲੁਕਾਠ ਦੇ ਬੂਟਿਆਂ ਨੂੰ ਛੱਡ ਕੇ ਸਾਰੇ ਫਲਦਾਰ ਬੂਟਿਆਂ ਨੂੰ ਦੇਸੀ ਰੂੜੀ ਦੀ ਖਾਦ ਪਾ ਦਿਉ।ਨਾਸ਼ਪਾਤੀ, ਆੜੂ, ਅਲੂਚਾ ਅਤੇ ਲੀਚੀ ਦੇ ਬੂਟਿਆਂ ਨੂੰ ਸਿੰਗਲ ਸੁਪਰਫਾਸਫੇਟ ਅਤੇ ਪੋਟਾਸ਼ ਖਾਦ ਵੀ ਬੂਟੇ ਦੀ ਉਮਰ ਦੇ ਹਿਸਾਬ ਪਾ ਦਿਉ।ਪੱਤਝੜ ਰੁੱਤ ਦੇ ਫਲਦਾਰ ਬੂਟ ਜਿਵੇਂ ਨਾਸ਼ਪਾਤੀ, ਆੜੂ, ਅਲੂਚਾ, ਅੰਜੀਰ, ਅੰਗੂਰ ਨੂੰ ਲਗਾਉਣ ਦਾ ਢੁੱਕਵਾਂ ਸਮਾਂ ਨਜਦੀਕ ਆ ਰਿਹਾ ਹੈ, ਸੋ ਇੰਨ੍ਹਾਂ ਨੂੰ ਲਗਾਉਣ ਲਈ ਬਾਗਬਾਨੀ ਮਾਹਿਰ ਦੀ ਸਲਾਹ ਨਾਲ ਵਿਉਂਤਬੰਦੀ ਹੁਣ ਤੋਂ ਹੀ ਕਰ ਲਿਉ ਅਤੇ ਫਲਦਾਰ ਬੂਟਿਆਂ ਦਾ ਪ੍ਰਬੰਧ ਵੀ ਬਾਗਬਾਨੀ ਵਿਭਾਗ, ਪੀ.ਏ.ਯੂ. ਜਾਂ ਪ੍ਰਾਈਵੇਟ ਮਨਜੂਰਸ਼ੁਦਾ ਨਰਸਰੀ ਤੋਂ ਹੁਣ ਤੋਂ ਹੀ ਕਰ ਲਵੋ।ਬੇਰ ਦੇ ਫਲ ਦੇ ਵਾਧੇ ਲਈ ਲੋੜ ਅਨੁਸਾਰ ਪਾਣੀ ਲਾਉ ਅਤੇ ਚਿੱਟੇ ਧੂੜੇ ਰੋਗ ਤੋਂ ਬਚਾਅ ਲਈ 2.5 ਗ੍ਰਾਮ ਵੈਟੇਬਲ ਸਲਫਰ ਜਾਂ 0.5 ਮਿ.ਲਿ. ਕੈਰਾਥੇਨ ਦਵਾਈ 1 ਲੀਟਰ ਪਾਣੀ ਵਿੱਚ ਘੋਲ ਕੇ ਸਪਰੇ ਕਰੋ।ਅਮਰੂਦ, ਮਾਲਟਾ, ਗਰੇਪਫਰੂਟ ਦੇ ਫਲਾਂ ਦੀ ਤੁੜਾਈ ਕਰ ਲਵੋ।ਪੱਤਝੜ ਰੁੱਤ ਦੇ ਫਲਦਾਰ ਬੂਟਿਆਂ ਦੀ ਕਾਂਟ-ਛਾਂਟ ਜਦੋਂ ਇਹ ਪੱਤੇ ਝਾੜ ਦੇਣ ਤਾਂ ਇਸ ਮਹੀਨੇ ਦੇ ਅਖੀਰ ਵਿੱਚ ਕਰ ਦਿਉ।ਅੰਬਾਂ ਦੇ ਬੂਟਿਆਂ ਤੇ ਮਿੱਲੀ ਬੱਗ ਕੀੜੇ ਨੂੰ ਬੂਟਿਆਂ ਤੇ ਚੜਨ ਤੋਂ ਰੋਕਣ ਲਈ ਇੰਨ੍ਹਾਂ ਦੇ ਤਣਿਆਂ ਦੁਆਲੇ ਇੱਕ ਮੀਟਰ ਉਚਾਈ ਤੇ ਪਲਾਸਟਿਕ ਸ਼ੀਟ ਦੀ ਤਿਲਕਵੀ ਪੱਟੀ ਬੰਨ ਦਿਉ।ਨਿੰਬੂ ਜਾਤੀ ਫਲਾਂ ਨੂੰ ਫ਼ਲਾਂ ਦੇ ਕੋਹੜ ਰੋਗ ਤੋਂ ਬਚਾਅ ਲਈ 0.1 ਗ੍ਰਾਮ ਸਟਰੈਪਟੋਸਾਈਕਲੀਨ ਅਤੇ 0.05 ਗ੍ਰਾਮ ਨੀਲਾ ਥੋਥਾ ਜਾਂ 3 ਗ੍ਰਾਮ ਕਾਪਰ ਆਕਸੀਕਲੋਰਾਈਡ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਸਪਰੇ ਕਰੋ।

### ਸਬਜ਼ੀਆਂ

ਟਮਾਟਰ ਦੀ ਪਨੀਰੀ ਇਸ ਮਹੀਨੇ ਦੇ ਪਹਿਲੇ ਪੰਦਰਵਾੜੇ ਛੋਰਾ ਕਰਕੇ ਬਿਜਾਈ ਕਰ ਦਿਉ।ਪਿਆਜ ਦੀ ਪਨੀਰੀ ਨੂੰ ਨਦੀਨ ਮੁਕਤ ਰੱਖਣ ਲਈ ਹਲਕੀ ਜਿਹੀ ਗੋਡੀ ਕਰ ਦਿਉ।ਮੂਲੀ, ਸ਼ਲਗਮ, ਗਾਜਰ ਦੀਆਂ ਅੰਗ੍ਰੇਜੀ ਕਿਸਮਾਂ ਦੀ ਬਿਜਾਈ ਹੁਣ ਤੱਕ ਖਤਮ ਕਰ ਦਿਉ।ਗੋਭੀ ਦੇ ਬੀਜ ਉਤਪਾਦਨ ਲਈ ਵੱਡੇ ਫੁੱਲ ਵਾਲੇ ਬੂਟਿਆਂ ਨੂੰ ਜੜ੍ਹਾਂ ਸਮੇਤ ਪੁੱਟ ਕੇ ਹੋਰ ਜਗ੍ਹਾ ਤੇ ਲਗਾ ਦਿਉ।ਮੂਲੀ, ਗਾਜਰ, ਸ਼ਲਗਮ ਦੇ ਬੀਜ ਉਤਪਾਦਨ ਲਈ ਡੱਕ ਲਾ ਦਿਉ ਅਤੇ ਲਾਉਣ ਤੋਂ ਪਹਿਲਾਂ 220 ਗ੍ਰਾਮ ਯੂਰੀਆ ਅਤੇ 315 ਗ੍ਰਾਮ ਸਿੰਗਲ ਸੁਪਰਫਾਸਫੇਟ ਖਾਦ ਪ੍ਰਤੀ ਮਰਲਾ ਪਾਉ।ਆਲੂ ਦੀ ਫਸਲ ਨੂੰ ਅੱਧ ਦਸੰਬਰ ਤੋਂ ਬਾਅਦ ਪਾਣੀ ਦੇਣਾ ਬੰਦ ਕਰ ਦਿਉ ਅਤੇ ਮਹੀਨੇ ਦੇ ਅੰਤ ਵਿੱਚ ਪੱਤੇ ਕੱਟ ਦਿਉ ਤਾਂ ਜੋ ਆਲੂ ਦਾ ਵਾਧਾ ਹੋ ਸਕੇ ਅਤੇ ਜੇਕਰ ਪਛੇਤੇ ਝੁਲਸ ਰੋਗ ਦਾ ਹਮਲਾ ਨਜਰ ਆਵੇ ਤਾਂ 2 ਗਾਮ ਰਿਡੋਮਿਲ ਗੋਲਡ ਜਾਂ ਕਰਜਟ ਐਮ-8 ਜਾਂ ਸੈਕਟਿਨ ਜਾਂ ਈਕੂਏਸ਼ਨ ਪ੍ਰੋ ਜਾਂ ਰੀਵਸ ਦਾ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਸਪਰੇ ਕਰੋ।

### ਫੁੱਲ ਅਤੇ ਸਜਾਵਟੀ ਬੂਟੇ

ਗੇਂਦੇ ਦੇ ਬੀਜ ਉਤਪਾਦਨ ਲਈ ਛਾਂਟਣ ਦਾ ਢੁੱਕਵਾਂ ਸਮਾਂ ਹੈ, ਇਸ ਲਈ ਗੁੰਦਵੇ ਤੇ ਤੰਦਰੁਸਤ ਫੁੱਲਾਂ ਦੀ ਚੋਣ ਕਰੋ।ਗਲੈਡੀਉਲਸ ਦੇ ਬੂਟਿਆਂ ਨੂੰ 3-6 ਪੱਤੇ ਆਉਣ ਤੇ ਨਾਈਟਰੋਜਨ ਖਾਦ ਦੀ ਪਹਿਲੀ ਜਾਂ ਦੂਜੀ ਕਿਸ਼ਤ ਪਾ ਦਿਉ ਅਤੇ ਮਿੱਟੀ ਚੜ੍ਹਾ ਦਿਉ।

ਕਰੋਟਨ, ਡਾਈਫਨਬੇਚੀਆ, ਪਾਮ ਦੇ ਬੂਟਿਆਂ ਨੂੰ ਕੋਰੇ ਤੋਂ ਬਚਾਉਣ ਦਾ ਪ੍ਰਬੰਧ ਕਰੋ।ਗੁਲਾਬ ਦੀ ਪਿਉਂਦ ਦਾ ਢੁੱਕਵਾਂ ਸਮਾਂ ਹੈ ਸੋ ਮੰਨਪਸੰਦ ਕਿਸਮਾਂ ਦੀ ਪਿਉਂਦ ਹੁਣ ਕਰ ਲਵੋ।ਪੌਸਮੀ ਫੁੱਲਾਂ ਦੇ ਲਾਅਨ ਨੂੰ ਕੋਰੇ ਤੋਂ ਬਚਾਅ ਲਈ ਹਲਕੀ ਸਿੰਚਾਈ ਵੀ ਕਰ ਦਿਉ। ਗੁਲਦਾਉਦੀ ਦੇ ਸੁੱਕੇ ਹੋਏ ਫੁੱਲਾਂ ਨੂੰ ਬੂਟਿਆਂ ਨਾਲੋ ਤੋੜ ਦਿਉ।

## ਖੁੰਬਾਂ/ਢੀਂਗਰੀ

ਬਟਨ ਖੁੰਬ ਦੀ ਤੁੜਾਈ ਅਤੇ ਸੰਭਾਲ ਕਰੋ।ਖੁੰਬ ਦੀ ਦੂਜੀ ਫਸਲ ਲਈ ਕੰਪੋਸਟ ਤਿਆਰ ਕਰਨਾ ਸ਼ੁਰੂ ਕਰ ਦਿਉ ਅਤੇ ਕਮਰਿਆਂ ਨੂੰ ਫਾਰਮਾਲੀਨ ਦਵਾਈ ਨਾਲ ਕੀਟਾਣੂ ਰਹਿਤ ਕਰ ਲਵੋ।ਢੀਂਗਰੀ ਦੀ ਕਟਾਈ ਕਰਦੇ ਰਹੋ ਅਤੇ ਇਸ ਦੀ ਲਗਾਤਾਰ ਪੈਦਾਵਾਰ ਲੈਣ ਲਈ ਨਵੇਂ ਲਿਫਾਫੇ ਲਗਾਉਣੇ ਜਾਰੀ ਰੱਖੋ ਅਤੇ ਇਸ ਲਈ ਸਪਾਨ (ਬੀਜ) ਬਾਗਬਾਨੀ ਵਿਭਾਗ ਤੋਂ ਪ੍ਰਾਪਤ ਕਰੋ।

## ਸ਼ਹਿਦ ਮੱਖੀ ਪਾਲਣ

ਸ਼ਹਿਦ ਮੱਖੀਆਂ ਦੇ ਬਕਸਿਆਂ ਕਿਸੇ ਧੁੱਪ ਵਾਲੇ ਦਿਨ ਸਿਰਫ ਦੁਪਹਿਰ ਵੇਲੇ ਵਧੇਰੇ ਨਿਰੀਖਣ ਕਰੋ।ਬਕਸੇ ਜੇਕਰ ਛਾਂ ਵਿੱਚ ਹਨ ਤਾਂ ਧੁੱਪੇ ਕਰ ਦਿਉ ਅਤੇ ਜੇਕਰ ਖੁਰਾਕ ਦੀ ਕਮੀ ਹੋਵੇ ਤਾਂ ਖੰਡ:ਪਾਣੀ ਨੂੰ 2:1 ਅਨੁਪਾਤ ਵਿੱਚ ਦੇ ਕੇ ਪੂਰਤੀ ਕਰੋ।ਸ਼ਹਿਦ ਲੈ ਲਈ ਬੇਰੀਆਂ ਅਤੇ ਤੋਰੀਏ ਦੀ ਫਸਲ ਦੇ ਨਜਦੀਕ ਰੱਖਿਆ ਜਾਵੇ ਅਤੇ ਜੇਕਰ ਸੰਭਵ ਹੋਵੇ ਬਕਸਿਆਂ ਨੂੰ ਇੰਨ੍ਹਾਂ ਫਸਲਾਂ ਵਾਲੇ ਇਲਾਕਿਆਂ ਵਿੱਚ ਸ਼ਿਫਟ ਕੀਤਾ ਜਾਵੇ। ਬਕਸਿਆਂ ਨੂੰ ਠੰਡ ਤੋਂ ਬਚਾਉਣ ਲਈ ਬਕਸੇ ਵਿਚਲੀਆਂ ਤਰੇੜਾਂ ਲਿੱਪ ਦਿਉ ਅਤੇ ਬਕਸਿਆਂ ਅੰਦਰ ਖਾਲੀ ਥਾਂ ਤੇ ਸਰਦੀ ਦੀ ਪੈਕਿੰਗ ਦਿਉ।

## ਸਿਖਲਾਈ ਕੋਰਸ

ਸਕਿੱਲ ਡਿਵੈਲੱਪਮੈਂਟ ਸੈਂਟਰ (ਫੋਨ ਨੰ. 0161-2401960 ਐਕਸਟੈਂਸ਼ਨ 261) ਪੀ.ਏ.ਯੂ. ਲੁਧਿਆਣਾ ਵੱਲੋਂ ਅਤੇ ਆਪਣੇ ਨੇੜੇ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਨਾਲ ਸੰਪਰਕ ਕਰਕੇ ਸਿਖਲਾਈ ਕੋਰਸਾਂ ਬਾਰੇ ਜਾਣਕਾਰੀ ਲੈ ਸਕਦੇ ਹੋ।

